Punjab Government Gazette

Published by Authority

No. 32] CHANDIGARH, FRIDAY, AUGUST 8, 2025 (SRAVANA 17, 1947 SAKA)

PART III

Notifications by High Court; Labour Commissioner; Advertisements;

Director of Lotteries, Punjab and Notices, etc.

ਪੰਜਾਬ ਸਰਕਾਰ

ਕਿਰਤ ਵਿਭਾਗ

(ਕਿਰਤ ਸ਼ਾਖਾ)

ਅਧਿਸੂਚਨਾ

ਮਿਤੀ 28 ਫਰਵਰੀ, 2024

ਨੰ:LD-LabOLCT/1/2020-4L/792603.- Smt.Priyanka Mohindru W/o Sunny Kohli, B-34/238, Pritam Nagar, Civil Lines, Near Welding Works, Ludhiana ਵੱਲੋਂ ਮੈਸ:ਦੈਨਿਕ ਭਾਸਕਰ ਵਿਰੁੱਧ ਵੇਜਿਜ ਕਲੇਮ ਸਬੰਧੀ ਪ੍ਰਤੀਬੇਨਤੀ ਪ੍ਰਾਪਤ ਹੋਈ ਸੀ। ਇਸ ਪ੍ਰਤੀਬੇਨਤੀ ਦੇ ਸਨਮੁੱਖ ਸਹਾਇਕ ਕਿਰਤ ਕਮਿਸ਼ਨਰ ਲੁਧਿਆਣਾ ਵਲੋਂ ਦੋਵੇਂ ਧਿਰਾਂ ਵਿੱਚ ਸੁਲਾਹ ਸਫਾਈ ਦੀਆਂ ਬੈਠਕਾਂ ਕੀਤੀਆਂ ਗਈਆਂ ਜੋ ਕਿ ਅਸਫਲ ਰਹੀਆਂ। ਸਹਾਇਕ ਕਿਰਤ ਕਮਿਸ਼ਨਰ ਲੁਧਿਆਣਾ ਵੱਲੋਂ ਪੇਸ਼ ਕੀਤੀ ਸਮਾਪਤੀ ਰਿਪੋਰਟ ਅਤੇ ਕਿਰਤ ਕਮਿਸ਼ਨਰ ਪੰਜਾਬ ਵਲੋਂ ਕੀਤੀ ਤਜਵੀਜ ਦੇ ਮੱਦੇਨਜ਼ਰ ਮੇਰੀ ਰਾਏ ਵਿੱਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਵਰਕਿੰਗ ਜਨਰਲਿਸਟ (ਕੰਡੀਸ਼ਨ ਆਫ ਸਰਵਿਸ ਐਂਡ ਮਿਸਲੇਨੀਅਸ ਪ੍ਰੋਵੀਜਨ) ਐਕਟ, 1955 ਦੀ ਧਾਰਾ 17(2) ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇੰਡਸਟ੍ਰੀਅਲ ਟ੍ਰਿਬਿਊਨਲ, ਲੁਧਿਆਣਾ ਨੂੰ **Smt. Priyanka Mohindru** ਦੇ ਵੇਜਿਜ/ ਏਰੀਅਰ ਸਬੰਧੀ ਕਲੇਮ ਕੇਸ ਹੇਠ ਦਰਸਾਏ ਨੁਕਤਿਆਂ ਤੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ:

(1) ਕੀ ਵਰਕਿੰਗ ਜਨਰਲਿਸਟ ਐਂਡ ਅਦਰ ਨਿਊਜ਼ਪੇਪਰ ਇੰਪਲਾਈ (ਕੰਡੀਸ਼ਨ ਆਫ ਸਰਵਿਸ ਐਂਡ ਮਿਸਲੇਨੀਅਸ ਪ੍ਰੋਵੀਜਨ) ਐਕਟ, 1955 ਦੀ ਧਾਰਾ 2(ਡੀ) ਅਧੀਨ ਮੈਸ:ਦੈਨਿਕ ਭਾਸਕਰ ਅਖਬਾਰਾਂ ਦੇ ਅਦਾਰੇ ਦੀ ਪਰਿਭਾਸ਼ਾ ਵਿੱਚ ਕਵਰ ਹੁੰਦਾ ਹੈ?

(2) ਕੀ ਮਜੀਠੀਆ ਵੇਜਿਜ ਬੋਰਡ ਦੀ ਸਿਫਾਰਸ਼ਾਂ ਅਨੁਸਾਰ **Smt.Priyanka Mohindru** ਕਲੇਮ ਕੀਤੇ ਗਏ ਵੇਜਿਜ ਦੀ ਹੱਕਦਾਰ ਹੈ? ਜੇਕਰ ਹਾਂ,ਤਾਂ ਵੇਜਿਜ ਅਤੇ ਏਰੀਅਰ ਦੀ ਸਹੀ ਰਕਮ ਕਿੰਨੀ ਹੈ?

(ਮਨਵੇਸ਼ ਸਿੰਘ ਸਿੱਧੂ, ਆਈ.ਏ.ਐਸ)

ਸਕੱਤਰ, ਪੰਜਾਬ ਸਰਕਾਰ

ਕਿਰਤ ਵਿਭਾਗ

ਮਿਤੀ 28 ਫਰਵਰੀ, 2024

3470/8-2025/Pb. Govt. Press, S.A.S. Nagar